# ਬਲਵੰਤ ਸਿੰਘ ਬੱਬਰ ਅਤੇ ਜਗਤਾਰ ਸਿੰਘ ਹਵਾਰਾ ਨੂੰ ਸੁਣਾਈ ਫੰਸੀ ਦੀ ਸਜਾ ਦੇ ਖਿਲਾਫ, ਭਾਰਤੀ ਅੰਬੈਸੀ ਫਰੰਕਫਰਟ ਅੱਗੇ 8 ਅਗਸਤ ਨੂੰ ਕੀਤੇ ਰੋਸ ਮੁਜਾਹਰੇ ਸਮੇਂ, ਭਾਰਤੀ ਹਕੂਮਤ ਨੂੰ ਮੁਖਾਤਬ ਹੋ, ਜਰਮਨ ਭਾਸ਼ਾਂ ਵਿਚ ਪੜ੍ਹੇ ਇਕ ਪੇਪਰ ਦਾ ਪੰਜਾਬੀ ਅਨੁਵਾਦ

ਹੈਲੋ ਐ ਭਾਰਤੀ ਹੁਕਮਰਾਨੋ ਕਾਂਗਰਸ ਪਾਰਟੀ ਅਤੇ ਭਾਜਪਾ,

**ਇਹ ਹਨ ਤਮਾਂਮ ਚੋਂ ਦੋ ਮੁਖ ਵਾਅਦੇ, ਜੋ ਭਾਰਤ ਦੀ ਆਜਾਦੀ ਤੋਂ ਪਹਿਲਾਂ, ਸਿਖ ਕੌਮ ਨੂੰ ਭਾਰਤ ਨਾਲ ਰੱਖਣ ਲਈ, ਉਸ ਸਮੇਂ ਦੀ ਕਾਂਗਰਸ ਪਾਰਟੀ ਦੇ ਨੇਤਾਵਾਂ ਮਹਾਤਮਾਂ ਗਾਂਧੀ ਅਤੇ ਸੋਨੀਆਂ ਗਾਂਧੀ ਦੇ ਨਾਨਾਂ ਸੋਹਰੇ ਜਵਾਹਰ ਲਾਲ ਨਹਿਰੂ ਵੱਲੋਂ, ਸਿਖ ਕੌਮ ਨਾਲ ਕੀਤੇ ਗਏ:**

1) 1929, ਕਾਂਗਰਸ ਅਤੇ ਮਹਾਤਮਾਂ ਗਾਂਧੀ: "ਕਾਂਗਰਸ ਸਿਖਾਂ ਨੂੰ ਯਕੀਨ ਦਿਵਾਉਂਦੀ ਹੈ ਕਿ ਭਵਿਖ ਵਿਚ ਪ੍ਰਵਾਨ ਹੋਣ ਵਾਲਾ ਦੇਸ਼ ਦਾ ਕੋਈ ਵਿਧਾਨ ਕਾਂਗਰਸ ਸਵੀਕਾਰ ਨਹੀਂ ਕਰੇਗੀ ਜੋ ਸਿਖਾਂ ਲਈ ਪੂਰੇ ਤੌਰ ਤੇ ਤਸੱਲੀ-ਬਖਸ਼ ਨਹੀ ਹੋਵੇਗਾ। " ਅਤੇ ਗਾਂਧੀ 1931 (ਸੀਸ ਗੰਜ ਦਿੱਲੀ)

2) 6 ਜੂਨ 1946, ਸੋਨੀਆਂ ਗਾਂਧੀ ਦੇ ਨਾਨਾਂ ਸੋਹਰੇ ਜਵਾਹਰ ਲਾਲ ਨਹਿਰੂ: "ਪੰਜਾਬ ਦੇ ਬਹਾਦਰ ਸਿਖ ਵਿਸ਼ੇਸ਼ ਧਿਆਨ ਦਿੱਤੇ ਜਾਣ ਦੇ ਮੁਸਤਹਿਕ ਹਨ। ਮੈਨੂੰ ਇਹ ਗੱਲ ਗਲਤ ਨਹੀਂ ਜਾਪਦੀ ਕਿ ਦੇਸ਼ ਦੇ ਉਤਰ ਵਿਚ ਇਕ ਅਜਿਹਾ ਖਿੱਤਾ ਰਾਖਵਾਂ ਕਰਕੇ ਉਸ ਦਾ ਐਸਾ ਬੰਧਨ ਬੰਨ੍ਹ ਦਿੱਤਾ ਜਾਵੇ ਜਿਸ ਅੰਦਰ ਸਿਖ ਵੀ ਆਜਾਦੀ ਦਾ ਸੁਆਦ ਮਾਣ ਸਕਣ।"

**ਇਹ ਹੈ ਭਾਰਤ ਦੀ ਆਜਾਦੀ ਦੇ ਮਗਰੋਂ ਕਾਂਗਰਸ ਪਾਰਟੀ ਦੇ ਨੇਤਾਵਾਂ ਪੰਡਤ ਜਵਾਹਰ ਲਾਲ ਨਹਿਰੂ ਅਤੇ ਮਹਾਤਮਾਂ ਗਾਂਧੀ ਵਲੋਂ ਕੀਤਾ ਗਿਆ ਸਿਖ ਕੌਮ ਨਾਲ ਧ੍ਰੋਹ:**

ਭਾਰਤ ਦੀ ਅਜਾਦੀ ਮਗਰੋਂ ਸਿਖਾਂ ਨੂੰ ਵੀ ਹਿੰਦੂ ਐਲਾਨਦਾ ਭਾਰਤੀ ਸਵਿਧਾਨ, ਸਿਖਾਂ ਦੀ ਬਿਨਾਂ ਸਹਿਮਤੀ ਅਤੇ ਮਰਜੀ ਦੇ ਖਿਲਾਫ, ਸਿਖ ਕੌਮ ਤੇ ਜਬਰੀ ਲਾਗੂ ਕਰਕੇ, ਸਿਖ ਕੌਮ ਨੂੰ ਇਸੇ ਹੀ ਅਧੀਨ ਰਹਿਣ ਲਈ ਮਜਬੂਰ ਕਰ ਦਿੱਤਾ ਗਿਆ। ਇਕ ਵਾਰ 1956 ਵਿਚ ਸਿਖਾਂ ਦੇ ਇਕ ਨੇਤਾ ਮਾਸਟਰ ਤਾਰਾ ਸਿੰਘ ਵਲੋਂ ਨਹਿਰੂ ਨੂੰ ਅਜਾਦੀ ਮਿਲਣ ਤੋਂ ਪਹਿਲਾਂ ਦੇ, ਭਾਰਤ ਨਾਲ ਰੱਖਣ ਲਈ ਸਿਖਾਂ ਨਾਲ ਕੀਤੇ ਵਾਅਦੇ ਅਤੇ ਉਨਾਂ ਨੂੰ ਪੂਰਾ ਕਰਨ ਦੀਆਂ ਚੁੱਕੀਆਂ ਸੌਹਾਂ ਯਾਦ ਦਿਲਾਈਆਂ ਤਾਂ ਨਹਿਰੂ ਦਾ ਜਬਾਬ ਸੀ "ਹੁਣ ਹਾਲਾਤ ਬਦਲ ਚੁੱਕੇ ਹਨ। " ਉਸ ਸਮੇਂ ਦੇ ਗ੍ਰਹਿ ਮੰਤਰੀ ਬ੍ਰਾਹਮਣ ਕਾਟਜੂ ਨੇ ਤਾਂ ਸਾਫ ਹੀ ਕਹਿ ਦਿੱਤਾ ਕਿ "ਸਿਖਾਂ ਦਾ ਭਵਿੱਖ ਹੁਣ ਮੰਗ ਕਰਦਾ ਹੈ ਅਤੇ ਸਿਖ ਭਲਾਈ ਵੀ ਇਸੇ ਵਿਚ ਹੈ ਕਿ ਉਹ ਆਪਣੀ ਨਿਆਰੀ ਹੋਂਦ ਨੂੰ ਛੱਡਕੇ ਹਿੰਦੂ ਧਰਮ ਦੀ ਸਰਬ-ਪੱਖੀ ਜਮਹੂਰੀਅਤ ਵਿਚ ਸ਼ਾਮਲ ਹੋ ਜਾਣ। "

ਭਾਰਤ ਦੀਆਂ ਕਾਂਗਰਸ ਪਾਰਟੀ ਦੀਆਂ ਨਹਿਰੂ, ਇੰਦਰਾ ਗਾਂਧੀ, ਰਜੀਵ ਗਾਂਧੀ ਅਤੇ ਭਾਜਪਾ ਸਰਕਾਰਾਂ ਵਲੋਂ ਸਿਖਾਂ ਅਤੇ ਉਨਾਂ ਦੀ ਧਰਤ ਪੰਜਾਬ ਨਾਲ ਧਾਰਮਕਿ, ਸੱਭਿਆਚਾਰਕ, ਆਰਥਕ ਅਤੇ ਸਰਹੱਦਾਂ ਪੱਖੋਂ ਅਨਿਆ ਕਰਨ ਦਾ ਕੋਈ ਵੀ ਮੌਕਾ ਹੱਥੋਂ ਨਾ ਖੁੰਝਾਇਆ, ਇਸ ਦੀ ਬਜਾਏ ਕਿ ਕਾਗਰਸੀ ਨੇਤਾਵਾਂ ਵਲੋਂ ਭਾਰਤ ਨਾਲ ਰੱਖਣ ਲਈ ਸਿਖ ਕੌਮ ਨਾਲ ਕੀਤੇ 'ਵਿਸ਼ੇਸ਼ ਅਧਿਕਾਰ ਪੰਜਾਬ, ਜਿਵੇਂ ਜਰਮਨੀ ਦਾ ਸੂਬਾ ਬਾਇਰਨ, ਦੇ ਵਾਅਦੇ ਅਤੇ ਖਾਧੀਆਂ ਸੌਹਾਂ ਪੂਰੀਆਂ ਕਰਦੇ।

ਜਦੋਂ ਸਿਖ ਕੌਮ ਵੱਲੋਂ ਸ਼ਾਂਤਮਈ ਰੋਸ ਮੁਜਾਹਰਿਆਂ ਦੁਆਰਾ, ਜਿਸ ਵਿਚ ਭਾਗ ਲੈਦੇਂ ਤਕਰੀਬਨ ਪੰਜ ਸੌ ਸਿੰਘ ਸ਼ਹੀਦ ਵੀ ਹੋਏ, ਇੰਦਰਾ ਗਾਂਧੀ ਨੂੰ ਉਸ ਦੇ ਬਾਪ ਅਤੇ ਮਹਾਤਮਾਂ ਗਾਂਧੀ ਦੇ, ਸਿਖ ਕੌਮ ਨਾਲ, ਭਾਰਤ ਦੀ ਆਜਾਦੀ ਤੋਂ ਪਹਿਲੇ ਕੀਤੇ ਵਾਅਦਿਆਂ ਅਤੇ ਉਨਾਂ ਦੀ ਪੂਰਤੀ ਲਈ ਖਾਧੀਆਂ ਕਸਮਾਂ ਨੂੰ ਯਾਦ ਦਿਲਾ ਕੇ ਇਸ ਨੂੰ ਪੂਰਾ ਕਰਨ ਲਈ ਚਿਤਾਰਿਆ ਤਾਂ ਇੰਦਰਾ ਗਾਂਧੀ ਵਲੋਂ ਸਿਖ ਕੌਮ ਦੇ ਪਰਮ ਪਵਿਤ੍ਰ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਜੀ ਉਤੇ ਆਪਣੀਆਂ ਫੌਜਾਂ ਦੁਆਰਾ ਧਾਵਾ ਬੋਲ ਦਿੱਤਾ ਗਿਆ। ਕਾਂਗਰਸ ਸਰਕਾਰ ਦੇ ਇਸ ਅਤਿ ਨੀਚ ਕੁਕਰਮ ਦੇ ਪ੍ਰਤੀ

ਕਰਮ ਵਜੋਂ, ਸਿਖ ਕੌਮ ਵੱਲੋਂ ਇਸ ਦਿਨ ਤੋਂ ਆਪਣੀ ਮੰਜਿਲ, ਆਪਣੇ ਆਜਾਦ ਦੇਸ਼ ਖਾਲਿਸਤਾਨ ਦਾ ਨਿਰਮਾਣ, ਮੁਕਰਰ ਕੀਤੀ ਹੋਈ ਹੈ ਅਤੇ ਐਲਾਨੀ ਹੋਈ ਹੈ।

ਸਾਨੂੰ ਇਹ ਪਤਾ ਹੈ ਐ ਭਾਰਤੀ ਹੁਕਮਰਾਨੋਂ ਕਿ ਸਿਖ ਕੌਮ ਦੀ ਮਿਥੀ ਮੰਜਲ ਨੂੰ ਰੱਦਣ ਅਤੇ ਰੋਕਣ ਲਈ ਅਤੇ ਸਿਖ ਕੌਮ ਦੇ ਸਬਰ ਨੂੰ ਟੁਣਕੇ ਮਾਰ ਮਾਰ ਅਜਮਾਉਣ ਲਈ ਇਸ ਵੇਲੇ ਤੁਸਾਂ ਕੋਲ ਕੱਠਪੁਤਲੀਆਂ ਅਤੇ ਏਜੰਟਾਂ ਦੀ ਬੜੀ ਭਰਮਾਰ ਹੈ ਜੋ ਉਪਰੋਂ ਸਿਖ ਦਿਖਾਈ ਦਿੰਦੇ ਨੇ ਜਿਵੇਂ ਮਨਮੋਹਨ, ਬਾਦਲ, ਰਾਜਾ ਜਾਂ ਭਨਿਆਰਾ, ਰਾਮ ਰਹੀਮ। ਸਿਖ ਕੌਮ ਦੇ ਇਸ ਨਿਰਸਵਾਰਥ, ਨਿਰਲੇਪ, ਜਾਗਦੇ, ਅਤੇ ਸੰਘਰਸ਼ਮਈ ਹਿਸੇ ਨੂੰ ਇਹ ਵੀ ਪਤਾ ਹੈ ਕਿ ਸਭ ਤੋਂ ਪਹਿਲੇ ਕਿਹੜਾ ਗੰਦ ਅਪਣੇ ਹੀ ਘਰ ਦੇ ਵਿਹੜੇ ਵਿਚੋਂ ਹੂੰਝ ਕੇ ਬਾਹਰ ਸੁਟਣ ਲਈ ਪਿਆ ਹੈ। ਸਾਨੂੰ ਇਹ ਵੀ ਗਿਆਨ ਹੈ ਕਿ ਅਨਿਆ ਦਾ ਚਿਰਾਂ ਤੱਕ ਜੀ ਸਕਣਾਂ ਅਸੰਭਵ ਹੈ। ਹੁਣ ਸਾਨੂੰ ਅਤੇ ਸਾਡੀਆਂ ਨਸਲਾਂ ਨੂੰ ਹੋਰ ਗੁਪਤ ਮਾਰਨ ਜਾਂ ਆਪਣੀਆਂ ਅਦਾਲਤਾਂ ਦੁਆਰਾ ਫੰਸੀਆਂ ਤੇ ਟੰਗਕੇ ਮਾਰਨ ਨਾਲ ਵੀ ਤੁਸਾਂ ਸਾਡਾ ਹੱਕ, ਸਾਡੇ ਵਤਨ ਦੀ ਆਜਾਦੀ ਨੂੰ ਸਾਕਾਰ ਹੋਣੋਂ ਨਹੀਂ ਰੋਕ ਸਕਦੇ।

ਤੁਸਾਂ ਲਈ ਅਤੇ ਤੁਸਾਂ ਦੀਆਂ ਨਿਆਂ ਪਾਲਕ ਅਦਾਲਤਾਂ ਲਈ ਇਹ ਅਤਿ ਸ਼ਰਮ ਵਾਲੀ ਗਲ ਹੈ ਕਿ ਤੁਸਾਂ ਵਲੋਂ ਅਪਣੀ ਤਾਕਤ ਦੀ ਨਜਾਇਜ ਵਰਤੋਂ ਕੀਤੀ ਜਾ ਰਹੀ ਹੈ, ਇਸ ਦੀ ਬਜਾਏ ਕਿ ਹੋ ਗਏ ਅਨਿਆ ਨੂੰ ਚੰਗੀ ਨੀਅਤ ਕਰਕੇ ਦੂਰ ਕਰਦੇ। ਸੈਂਕੜੇ ਕਾਤਲ, ਜਿਨਾਂ ਸਿਖਾਂ, ਸਿਖ ਬੀਬੀਆਂ, ਬੱਚਿਆਂ ਨੂੰ ਅਤਿ ਜਾਲਮਾਨਾਂ ਢੰਗ ਤਰੀਕਿਆਂ ਨਾਲ ਕੋਹ ਕੋਹ ਕੇ ਮਾਰਿਆ, ਉਹ ਬਾਈ ਸਾਲਾਂ ਤੋਂ ਉਪਰ ਸਮੇਂ ਤੋਂ ਆਜਾਦ ਘੁਮ ਫਿਰ ਰਹੇ ਨੇ। ਪਰ ਉਨਾਂ ਸਿਖਾਂ, ਜਿਨਾਂ ਅਪਣੀ ਕੌਮ ਦੀ ਰੱਖਿਆ ਲਈ ਮੁਕਾਬਲੇ ਵਜੋਂ ਹਥਿਅਰ ਚੁੱਕੇ, ਜਾਂ ਨਾਲ ਸ਼ਮੂਲੀਅਤ ਕੀਤੀ ਜਾਂ ਨਾ ਵੀ ਕੀਤੀ, ਜਿਵੇਂ ਭਾਈ ਦਵਿੰਦਰ ਪਾਲ ਸਿੰਘ ਭੁੱਲਰ ਅਤੇ ਹੁਣ ਬੱਬਰ ਬਲਵੰਤ ਸਿੰਘ ਅਤੇ ਬੱਬਰ ਜਗਤਾਰ ਸਿੰਘ ਹਵਾਰਾ ਨੂੰ ਮੌਤ ਦੀਆਂ ਸਜਾਵਾਂ ਸੁਣਾ ਦੇਣ ਲਈ ਗਿਆਰਾ ਵਰਿਆਂ ਵਿਚ ਹੀ ਤੁਸਾਂ ਨੂੰ ਵਿਹਲ ਮਿਲ ਗਈ ਹੈ।

ਰੱਬ ਵਲੋਂ ਇਨਸਾਨ ਨੂੰ ਚੰਗੇ ਮਾੜੇ ਕਰਮ ਦੀ ਪਹਿਚਾਣ ਸ਼ਕਤੀ ਦੇਕੇ, ਇਨਸਾਨੀ ਕਰਮ ਖੇਲ ਵਿਚ ਦਖਲ ਅੰਦਾਜੀ ਤੋਂ ਬਾਹਰ ਰਖ ਲਿਆ ਹੈ ਅਤੇ ਸਿਰਫ ਇਨਸਾਨ ਆਪ ਹੀ ਆਪਣੇ ਕੀਤੇ ਚੰਗੇ ਜਾਂ ਮਾੜੇ ਫੈਸਲਿਆਂ ਅਤੇ ਕਰਮਾਂ ਲਈ ਜਿਮੇਵਾਰ ਹੈ। ਸਾਨੂੰ ਇਸ ਵਾਰੇ ਵੀ ਕੋਈ ਸੰਦੇਹ ਨਹੀਂ ਕਿ ਤੁਸਾਂ ਦੇ ਜਾਂ ਸਾਡੇ ਕੀਤੇ ਚੰਗੇ ਜਾਂ ਮੰਦੇ ਕਰਮਾਂ ਦਾ ਨਤੀਜਾ ਕੇਹੋ ਜਿਹੇ ਰੂਪ ਵਿਚ ਹੈ।

ਭੁੱਲ ਮੱਤ: ਜੋ ਬੀਜੇਂਗਾ, ਉਹ ਹੀ ਵੱਢੇਂਗਾ।

ਸੁਣਨ ਲਈ ਧੰਨਵਾਦ( 08.08.2007 ਫਰੰਕਫਰਟ ਅਮ ਮਾਈਨ)

N. Kamal-Fehrenbach genannt Bidhi Singh Babbar
Schöne Aussicht 74a
65760 Eschborn - Niederhöchstadt
Tel: 06173 67103, Fax: 06173 640321, eMail : ef-nk@t-online.de

ਨੋਟ: ਵੀਰ ਜੀਓ, ਲੱਗੇ ਹੁਕਮ ਕਰਕੇ ਸਬੱਬੀਂ ਹੋਏ ਅਨੁਵਾਦ ਨੂੰ ਚਾਹੋ ਤਾਂ ਬਿਨਾਂ ਕਿਸੇ ਨਾਮ ਹੀ ਛਾਪ ਸਕਦੇ ਹੋ।